Punjabi

# ਸਕੀਮ ਦੀ ਵਰਤੋਂ ਕਰਨ ਵਾਲਿਆਂ ਲਈ ਗਾਈਡ


Locata (ਲੋਕੇਟ-ਏ) ਬਾਰੇ ਜਾਣਕਾਰੀ - ਵੈਸਟ ਲੰਡਨ ਵਿਚ ਨਵਾਂ ਘਰ ਲੱਭਣ ਵਿਚ ਤੁਹਾਨੂੰ ਮਦਦ ਦੇਣਾ

ਇਹ ਸਕੀਮ ਕਿਵੇਂ ਚਲਦੀ ਹੈ?

ਮੈਂ ਲੋਕੇਟ-ਏ ਦਾ ਮੈਂਬਰ/ਦੀ ਮੈਂਬਰ ਕਿਵੇਂ ਬਣ ਸਕਦਾ/ਸਕਦੀ ਹਾਂ?

ਬਰਾਬਰੀ ਦੇ ਮੌਕੇ - ਮੈਨੂੰ ਕਿਹੜੀ ਮਦਦ ਮਿਲ ਸਕਦੀ ਹੈ?

ਜੇ ਮੈਂ ਸ਼ੈਲਟਰਡ ਘਰ ਵਿਚ ਜਾਣਾ ਚਾਹਾਂ, ਤਾਂ?

ਜੇ ਮੇਰੀ ਸਿਹਤ ਵਿਚ ਕੋਈ ਖ਼ਰਾਬੀ ਹੋਵੇ, ਤਾਂ ਮੈਨੂੰ ਮਾਨਿਸਕ ਸਿਹਤ ਦੀ ਕੋਈ ਮੁਸ਼ਕਿਲ ਆਉਂਦੀ ਹੋਵੇ, ਤਾਂ?

ਜੇ ਮੇਰੇ ਘਰ ਵਿਚ ਕਿਸੇ ਨੂੰ ਚੱਲਣ ਫਿਰਨ ਵਿਚ ਮੁਸ਼ਕਿਲ ਆਉਂਦੀ ਹੋਵੇ, ਤਾਂ?

ਜੇ ਮੇਰੇ ਹਾਲਾਤ ਬਦਲ ਜਾਣ ਤਾਂ?

ਮੈਨੂੰ ਆਪਣੀ ਅਰਜ਼ੀ ਦਾ ਜਵਾਬ ਕਿਵੇਂ ਕਿਵੇਂ ਮਿਲੇਗਾ?

ਮੈਂ ਘਰ ਲੈਣ ਲਈ ਅਰਜ਼ੀ ਕਿਵੇਂ ਦੇ ਸਕਦਾ/ਸਕਦੀ ਹਾਂ?

ਘਰ ਲੈਣ ਦੇ ਹੋਰ ਕਿਹੜੇ ਢੰਗ ਹਨ?

ਨਵਾਂ ਘਰ ਲੈਣ ਲਈ ਪੰਜ ਕਦਮ

## LOCATA (ਲੋਕੇਟ-ਏ) ਬਾਰੇ ਜਾਣਕਾਰੀ - ਵੈਸਟ ਲੰਡਨ ਵਿਚ ਨਵਾਂ ਘਰ ਲੱਭਣ ਵਿਚ ਤੁਹਾਨੂੰ ਮਦਦ ਦੇਣਾ

ਬ੍ਰੈਂਟ, ਹੈਮਰਸਿਮਥ ਐਂਡ ਫੁਲਹਮ, ਹੈਰੋ, ਈਲਿੰਗ ਫ਼ੈਮਿਲੀ, ਪੈਰੇਡਾਈਮ ਹਾਊਜ਼ਿੰਗ, ਪੀ ਸੀ ਐਚ ਏ, ਟੇਮਜ਼ ਵੈੱਲੀ, ਐਕਟਨ ਹਾਊਜ਼ਿੰਗ, ਸ਼ੈਫ਼ਰਡਜ਼ ਬੁਸ਼ ਅਤੇ ਸਟੇਡੀਅਮ ਹਾਊਜ਼ਿੰਗ ਐਸੋਸੀਏਸ਼ਨ ਇਸ ਵੇਲੇ ਲੋਕਾਂ ਨੂੰ ਘਰ ਲੱਭਣ ਦੇ ਕੰਮ ਵਿਚ ਚੋਣ ਕਰਨ ਦੇ ਮੌਕੇ ਦੇਣ ਲਈ Locata (ਲੋਕੇਟ-ਏ) ਦੀ ਵਰਤੋਂ ਕਰਦੇ ਹਨ।

Locata ਤੁਹਾਨੂੰ ਰਹਿਣ ਲਈ ਥਾਂ ਚੁਣਨ ਦੇ ਵੱਧ ਮੌਕੇ ਦਿੰਦੀ ਹੈ। ਬੀਤੇ ਦਿਨਾਂ ਵਿਚ, ਤੁਹਾਡੀ ਕਾਊਂਸਿਲ ਫ਼ੈਸਲਾ ਕਰਦੀ ਹੁੰਦੀ ਸੀ ਕਿ ਤੁਹਾਨੂੰ ਘਰ ਕਦ ਅਤੇ ਕਿੱਥੇ ਮਿਲਣਾ ਚਾਹੀਦਾ ਹੈ। ਹੁਣ ਇਹ ਫ਼ੈਸਲਾ ਕਰਨ ਦਾ ਮੌਕਾ ਤੁਹਾਨੂੰ ਮਿਲੇਗਾ।

ਮੌਜੂਦਾ ਕਾਊਂਸਿਲਾਂ ਅਤੇ ਹਾਊਜ਼ਿੰਗ ਐਸੋਸੀਏਸ਼ਨਾਂ ਦੇ ਜਿਹੜੇ ਕਿਰਾਏਦਾਰ ਕਿਸੇ ਨਵੇਂ ਘਰ ਵਿਚ ਜਾਣਾ ਚਾਹੁੰਦੇ ਹਨ, ਉਹ ਹੁਣ ਨਵਾਂ ਘਰ ਲੱਭਣ ਲਈ Locata ਦੀ ਵਰਤੋਂ ਕਰ ਸਕਦੇ ਹਨ। ਇਹਨਾਂ ਲੋਕਾਂ ਵਿਚ ਘਰ ਲੱਭਣ ਵਾਲੇ ਲੋਕ ਵੀ ਸ਼ਾਮਿਲ ਹਨ - ਯਾਨੀ ਕਿ ਜਿਹੜੇ ਲੋਕਾਂ ਦਾ ਨਾਂ ਘਰ ਲੈਣ ਲਈ ਰਜਿਸਟਰ ਵਿਚ ਦਰਜ ਹੈ ਜਾਂ ਜੋ ਬੇਘਰ ਹਨ।

ਹਰ ਦੋ ਹਫ਼ਤਿਆਂ ਮਗਰੋਂ, Locata ਇਕ ਰਸਾਲਾ ਛਾਪਦੀ ਹੈ ਜਿਹਦਾ ਨਾਂ 'Locata HOME' ਹੈ, ਜਿਹਦੇ ਵਿਚ ਕਾਊਂਸਿਲਾਂ ਅਤੇ ਹਾਊਜ਼ਿੰਗ ਐਸੋਸੀਏਸ਼ਨਾਂ ਦੇ ਮਿਲ ਸਕਣ ਵਾਲੇ ਘਰਾਂ ਦੀ ਲਿਸਟ ਹੁੰਦੀ ਹੈ। ਤੁਸੀਂ ਇਹਨਾਂ ਇਸ਼ਤਿਹਾਰਾਂ ਨੂੰ ਦੇਖ ਕੇ ਫ਼ੈਸਲਾ ਕਰ ਸਕਦੇ ਹੋ ਕਿ ਕੀ ਤੁਸੀਂ ਇਹਨਾਂ ਵਿਚੋਂ ਕੋਈ ਘਰ ਲੈਣ ਲਈ ਆਪਣਾ ਨਾਂ ਪੇਸ਼ ਕਰਨਾ ਚਾਹੁੰਦੇ ਹੋ। ਤੁਸੀਂ ਘਰਾਂ ਵਿਚ ਆਪਣੀ ਦਿਲਚਸਪੀ ਦੱਸਣ ਲਈ ਉਹਨਾਂ ਲਈ ਅਰਜ਼ੀ (ਬਿਡ) ਦੇ ਸਕਦੇ ਹੋ। ਸਕੀਮ ਦੀ ਵਰਤੋਂ ਕਰਨ ਵਾਲਿਆਂ ਲਈ ਤਿਆਰ ਕੀਤੀ ਇਸ ਗਾਈਡ ਵਿਚ ਅਰਜ਼ੀ ਦੇਣ ਬਾਰੇ ਜਾਣਕਾਰੀ ਸੰਖੇਪ ਰੂਪ ਵਿਚ ਦਿੱਤੀ ਹੋਈ ਹੈ।

ਨਵਾਂ ਘਰ ਲੈਣ ਲਈ, ਤੁਹਾਨੂੰ 'Locata HOME' ਵਿਚ ਦੱਸੇ ਕਿਸੇ ਘਰ ਲਈ ਅਰਜ਼ੀ ਦੇਣੀ ਪਏਗੀ। Locata ਸਕੀਮ ਵਿਚ ਸ਼ਾਮਿਲ ਕਾਊਂਸਿਲਾਂ ਅਤੇ ਹਾਊਜ਼ਿੰਗ ਐਸੋਸੀਏਸ਼ਨਾਂ ਹੁਣ ਉਹਨਾਂ ਲੋਕਾਂ ਨੂੰ ਘਰ ਨਹੀਂ ਦਿੰਦੀਆਂ ਜਿਹੜੇ Locata ਸਕੀਮ ਰਾਹੀਂ ਘਰਾਂ ਲਈ ਅਰਜ਼ੀ ਨਹੀਂ ਦਿੰਦੇ।

Locata ਤੁਹਾਨੂੰ ਆਪਣੇ ਰਹਿਣ ਦੀ ਥਾਂ ਲੱਭਣ ਵਿਚ ਜ਼ਿਆਦਾ ਚੋਣ ਕਰਨ ਦੇ ਮੌਕੇ ਦਿੰਦੀ ਹੈ। ਤੁਹਾਡੇ ਇਲਾਕੇ ਵਿਚ ਮਿਲ ਸਕਣ ਵਾਲੇ ਘਰਾਂ ਬਾਰੇ ਇਹ ਤੁਹਾਨੂੰ ਵੱਧ ਚੰਗੀ ਜਾਣਕਾਰੀ ਵੀ ਦਿੰਦੀ ਹੈ।

## ਇਹ ਸਕੀਮ ਕਿਵੇਂ ਚਲਦੀ ਹੈ?

Locata ਸਕੀਮ ਵਿਚ ਕਾਊਂਸਿਲ ਜਾਂ ਹਾਊਜ਼ਿੰਗ ਐਸੋਸੀਏਸ਼ਨ ਤੁਹਾਨੂੰ ਘਰ ਲੱਭ ਕੇ ਨਹੀਂ ਦੇਣਗੇ; ਸਗੋਂ ਤੁਸੀਂ 'Locata HOME' ਰਸਾਲੇ ਵਿਚੋਂ ਖ਼ੁਦ ਆਪਣੇ ਲਈ ਘਰ ਲੱਭ ਸਕਦੇ ਹੋ।

ਮਿਲ ਸਕਣ ਵਾਲੇ ਘਰਾਂ ਦੇ ਇਸ਼ਤਿਹਾਰ ਇਹਨਾਂ ਥਾਂਵਾਂ 'ਤੇ ਦਿੱਤੇ ਜਾਣਗੇ: -

- ਸਾਡੇ ਮੁਫ਼ਤ ਰਸਾਲੇ 'Locata HOME' ਵਿਚ, ਜੋ ਆਮ ਤੌਰ ਅਤੇ ਹਰ ਦੋ ਹਫ਼ਤਿਆਂ ਮਗਰੋਂ ਛਪਦਾ ਹੈ ਅਤੇ 6 ਬੋਰੋਆਂ ਵਿਚ ਸਾਂਝੀਦਾਰ ਸੰਸਥਾਵਾਂ ਦੇ ਇਕਾਕਿਆਂ ਦੇ ਹਾਊਜ਼ਿੰਗ ਡਿਪਾਰਟਮੈਂਟਾਂ, ਸੋਸ਼ਲ ਸਰਵਿਸਿਜ਼ ਦਫ਼ਤਰਾਂ, ਵਾਲੰਟਰੀ ਸੰਸਥਾਵਾਂ ਅਤੇ ਪਬਲਿਕ ਲਾਇਬ੍ਰੇਰੀਆਂ ਵਰਗੀਆਂ ਥਾਂਵਾਂ ਤੋਂ ਮਿਲ ਸਕਦਾ ਹੈ। ਜੇ ਤੁਸੀਂ ਇਹਦਾ ਚੰਦਾ ਸਾਨੂੰ ਦੇ ਦਿਓ, ਤਾਂ ਅਸੀਂ ਤੁਹਾਨੂੰ ਇਹ ਰਸਾਲਾ ਡਾਕ ਰਾਹੀਂ ਵੀ ਭੇਜ ਸਕਦੇ ਹਾਂ।

- ਸਾਡੀ ਇਸ ਵੈੱਬਸਾਈਟ 'ਤੇ: www.locata.org

ਤੁਸੀਂ ਰਸਾਲੇ ਦੇ ਕਿਸੇ ਇਕ ਐਡੀਸ਼ਨ ਵਿਚੋਂ ਵੱਧ ਤੋਂ ਵੱਧ 3 ਘਰਾਂ ਲਈ ਅਰਜ਼ੀ ਦੇ ਸਕਦੇ ਹੋ ਅਤੇ ਇਹਦੇ ਲਈ ਤੁਹਾਨੂੰ ਕੂਪਨ ਭਰਨਾ ਪਏਗਾ (ਜੋ ਤੁਹਾਨੂੰ ਦਿੱਤਾ ਜਾਏਗਾ), ਜਾਂ ਤੁਸੀਂ ਟੈਲੀਫ਼ੋਨ 'ਤੇ, ਜਾਂ ਟੈਕਸਟ ਮੈਸੇਜ ਰਾਹੀਂ ਜਾਂ Locata ਦੀ ਵੈੱਬਸਾਈਟ 'ਤੇ ਵੀ ਅਰਜ਼ੀ ਕਰ ਸਕਦੇ ਹੋ।

ਸਕੀਮ ਵਿਚ ਸ਼ਾਮਿਲ ਹੋਣ ਵਾਲੇ ਨਵੇਂ ਮੈਂਬਰਾਂ ਨੂੰ ਸਾਰੀ ਜਾਣਕਾਰੀ ਅਤੇ ਕੂਪਨ ਵੀ ਦਿੱਤੇ ਜਾਣਗੇ।

'Locata HOME' ਰਸਾਲੇ ਵਿਚ ਇਹਨਾਂ ਗੱਲਾਂ ਬਾਰੇ ਜਾਣਕਾਰੀ ਦਿੱਤੀ ਹੁੰਦੀ ਹੈ:

- ਮਿਲ ਸਕਣ ਵਾਲਾ ਹਰ ਘਰ
- ਹਫ਼ਤੇ ਦਾ ਕਿਰਾਇਆ
- ਮਕਾਨ ਮਾਲਿਕ ਕੌਣ ਹੈ
- ਕੌਣ ਅਰਜ਼ੀ ਦੇ ਸਕਦਾ/ਸਕਦੀ ਹੈ
- ਘਰ ਕਦ ਤਿਆਰ ਹੋਏਗਾ
- ਕੀ ਇਹਦੇ ਲਈ ਹੋਰ ਕਿਸੇ ਬੋਰੋ ਵਿਚੋਂ ਅਰਜ਼ੀ ਦਿੱਤੀ ਜਾ ਸਕਦੀ ਹੈ
- ਜੇ ਇਲਾਕੇ ਬਾਰੇ ਹੋਰ ਜਾਣਕਾਰੀ ਮਿਲ ਸਕੇ ਤਾਂ ਉਹ ਵੀ, ਜਿਵੇਂ ਸਕੂਲ, ਆਵਾਜਾਈ, ਦੁਕਾਨਾਂ ਵਗ਼ੈਰਾ

ਸਕੀਮ ਦੇ ਮੈਂਬਰ ਜਾਂ ਤਾਂ ਪਹਿਲਾਂ ਵਾਲੇ ਕਿਰਾਏਦਾਰ ਹੋਣਗੇ (ਜੋ ਆਮ ਤੌਰ 'ਤੇ ਸਾਂਝੀਦਾਰ ਕਾਊਂਸਿਲ ਦੇ ਸੈਕਿਉਰ ਕਿਰਾਏਦਾਰ ਜਾਂ ਕਿਸੇ ਸਥਾਨਕ ਹਾਊਜ਼ਿੰਗ ਐਸੋਸੀਏਸ਼ਨ ਦੇ ਅਸ਼ਿਉਰਡ ਕਿਰਾਏਦਾਰ ਹੁੰਦੇ ਹਨ) **ਜਾਂ** ਘਰ ਲੱਭ ਰਹੇ ਹੋਣਗੇ, ਜਿਹਨਾਂ ਵਿਚ ਬੇਘਰ ਲੋਕ ਅਤੇ ਹਾਊਜ਼ਿੰਗ ਰਜਿਸਟਰ ਵਿਚ ਦਰਜ ਹੋਰ ਲੋਕ ਵੀ ਹੋ ਸਕਦੇ ਹਨ।

ਸਾਰੇ ਮੈਂਬਰਾਂ ਨੂੰ ਕਿਸੇ ਬੈਂਡ ਵਿਚ ਰੱਖਿਆ ਜਾਂਦਾ ਹੈ। ਜਿਸ ਮਕਾਨ ਮਾਲਿਕ ਜਾਂ ਕਾਊਂਸਿਲ ਕੋਲ ਤੁਸੀਂ ਰਜਿਸਟਰ ਹੋਏ ਹੋਵੋਗੇ, ਉਹ ਤੁਹਾਨੂੰ ਦੱਸ ਦੇਣਗੇ ਕਿ ਤੁਹਾਡਾ ਬੈਂਡ ਕਿਹੜਾ ਹੈ। ਹਰ ਬੈਂਡ ਵਿਚ ਰਜਿਸਟਰ ਹੋਣ ਦੀ ਤਾਰੀਖ਼ ਦੇ ਅਨੁਸਾਰ ਪਹਿਲ ਦਿੱਤੀ ਜਾਂਦੀ ਹੈ।

**ਹੇਠਾਂ ਅਸੀਂ ਇਹਨਾਂ ਬੈਂਡਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਹੈ। ਇਹ ਵੱਖ ਵੱਖ ਕਿਸਮਾਂ ਦੇ ਲੋਕਾਂ ਦੀ ਮੁਕੰਮਲ ਲਿਸਟ ਨਹੀਂ ਹੈ। ਜੇ ਤੁਸੀਂ ਹੋਰ ਜਾਣਕਾਰੀ ਲੈਣਾ ਚਾਹੁੰਦੇ ਹੋ ਕਿ ਇਹ ਸਕੀਮ ਤੁਹਾਡੇ 'ਤੇ ਕਿਸ ਢੰਗ ਨਾਲ ਲਾਗੂ ਹੋਏਗੀ, ਤਾਂ ਤੁਹਾਨੂੰ ਉਸ ਹਾਊਜ਼ਿੰਗ ਡਿਪਾਰਟਮੈਂਟ ਨਾਲ ਗੱਲ ਕਰਨੀ ਚਾਹੀਦੀ ਹੈ ਜਿਹਦੇ ਕੋਲ ਤੁਸੀਂ ਰਜਿਸਟਰ ਹੋਏ ਹੋ।**

**ਬੈਂਡ ਏ** (ਹੰਗਾਮੀ/ਸਭ ਤੋਂ ਵੱਧ ਪਹਿਲ)

- ਜੇ ਤੁਹਾਡੀ ਜਾਨ ਨੂੰ ਖ਼ਤਰੇ ਵਿਚ ਪਾ ਸਕਣ ਵਾਲੀ ਕੋਈ ਬੀਮਾਰੀ ਤੁਹਾਨੂੰ ਹੈ, ਜਿਹੜੀ ਹੁਣ ਵਾਲੇ ਘਰ ਵਿਚ ਰਹਿਣ ਕਾਰਨ ਗੰਭੀਰ ਰੂਪ ਵਿਚ ਵਧ ਰਹੀ ਹੈ, ਜਾਂ ਅਚਾਨਕ ਆ ਪਈ ਕਿਸੇ ਮੁਸੀਬਤ ਕਾਰਨ ਤੁਹਾਨੂੰ ਹੋਰ ਥਾਂ ਜਾਣਾ ਪੈਣਾ ਹੈ।
- ਜੇ ਤੁਸੀਂ ਬੇਘਰ ਹੋ, ਤੁਹਾਡਾ ਮਕਾਨ ਮਾਲਿਕ ਘਰ ਵਾਪਸ ਮੰਗ ਰਿਹਾ ਹੈ ਅਤੇ ਤੁਹਾਨੂੰ ਇਕਦਮ ਕੋਈ ਆਰਜ਼ੀ ਰਿਹਾਇਸ਼ ਚਾਹੀਦੀ ਹੈ, ਜਾਂ ਤੁਹਾਨੂੰ ਮਿਲੀ ਆਰਜ਼ੀ ਰਿਹਾਇਸ਼ ਤੁਹਾਡੇ ਲਈ ਠੀਕ ਨਹੀਂ ਹੈ ਅਤੇ ਸਹੀ ਕਿਸਮ ਦੀ ਹੋਰ ਕੋਈ ਆਰਜ਼ੀ ਰਿਹਾਇਸ਼ ਤੁਹਾਡੇ ਲਈ ਲੱਭੀ ਨਹੀਂ ਜਾ ਸਕਦੀ।
- ਜੇ ਹਾਊਜ਼ਿੰਗ ਡਿਪਾਰਟਮੈਂਟ ਵਾਲਿਆਂ ਨੇ ਸੋਸ਼ਲ ਸਰਵਿਸਿਜ਼ ਦੀ ਸਿਫ਼ਾਰਿਸ਼ ਮੰਨ ਲਈ ਹੈ ਕਿ ਬੱਚੇ ਗੋਦ ਲੈਣ ਜਾਂ ਕਿਸੇ ਹੋਰ ਦੇ ਬੱਚੇ ਪਾਲਣ ਦਾ ਕੰਮ ਯਕੀਨੀ ਬਣਾਉਣ ਲਈ ਤੁਹਾਨੂੰ ਪੱਕੀ ਰਿਹਾਇਸ਼ ਮਿਲ ਜਾਣੀ ਚਾਹੀਦੀ ਹੈ।
- ਜੇ ਤੁਸੀਂ ਕਿਰਾਏਦਾਰ ਹੋ ਅਤੇ ਹੁਣ ਵਾਲੇ ਘਰ ਵਿਚ ਰਹਿਣ ਨਾਲ ਹਿੰਸਾ ਕਾਰਨ ਤੁਹਾਡੀ ਜਾਨ ਨੂੰ ਖ਼ਤਰਾ ਹੈ - ਪਰ ਇਹ ਨੋਟ ਕਰ ਲੈਣਾ ਕਿ ਇਹ ਗੱਲ ਸਿਰਫ਼ ਕਿਸੇ ਕਾਊਂਸਿਲ/ਹਾਊਜ਼ਿੰਗ ਐਸੋਈਏਸ਼ਨ ਦੇ ਕਿਰਾਏਦਾਰਾਂ 'ਤੇ ਹੀ ਲਾਗੂ ਹੁੰਦੀ ਹੈ।
- ਜੇ ਤੁਸੀਂ ਸਾਬਕਾ ਫ਼ੌਜੀ ਕਿਰਾਏਦਾਰ ਹੋ ਅਤੇ ਕਾਊਂਸਿਲ ਨੇ ਤੁਹਾਨੂੰ ਨਵਾਂ ਘਰ ਦੇਣ ਦਾ ਵਚਨ ਦਿੱਤਾ ਹੈ।

- ਜੇ ਤੁਸੀਂ ਅਜਿਹੇ ਕਿਰਾਏਦਾਰ ਨੂੰ ਜਿਹਦਾ ਘਰ ਢਾਹਿਆ ਜਾਣਾ ਹੈ ਜਾਂ ਨਵੇਂ ਸਿਰਿਓਂ ਬਣਨਾ ਹੈ ਅਤੇ ਇਸ ਕਰਕੇ ਤੁਹਾਨੂੰ ਹੋਰ ਕਿਸੇ ਘਰ ਵਿਚ ਜਾਣ ਦੀ ਲੋੜ ਹੈ।
- ਜੇ ਤੁਸੀਂ ਅਜਿਹੇ ਕਿਰਾਏਦਾਰ ਹੋ ਜਿਹਨੂੰ ਕਿਸੇ ਬਦਲਾਏ ਹੋਏ ਘਰ ਵਿਚ ਜਾਣ ਦੀ ਲੋੜ ਹੈ।
- ਜੇ ਤੁਸੀਂ ਕਿਸੇ ਅਜਿਹੇ ਬਦਲਾਏ ਹੋਏ ਘਰ ਦੇ ਕਿਰਾਏਦਾਰ ਹੋ ਜਿਹਦੀ ਹੁਣ ਤੁਹਾਨੂੰ ਲੋੜ ਨਹੀਂ ਰਹੀ ਪਰ ਜੋ ਕਿਸੇ ਹੋਰ ਦੇ ਕੰਮ ਆ ਸਕਦਾ ਹੈ।
- ਜੇ ਤੁਸੀਂ ਦੋ ਜਾਂ ਤਿੰਨ ਬੈੱਡਰੂਮਾਂ ਵਾਲੇ ਘਰ ਦੇ ਕਿਰਾਏਦਾਰ ਹੋ ਅਤੇ ਤੁਸੀਂ ਇਕ ਬੈੱਡਰੂਮ ਵਾਲੇ ਘਰ ਵਿਚ ਜਾਣ ਲਈ ਜਾਂ ਦੋ ਬੈੱਡਰੂਮ ਛੱਡਣ ਲਈ ਤਿਆਰ ਹੋ।
- ਜੇ ਤੁਸੀਂ ਕਾਉਂਸਿਲ ਦੀ ਕਿਰਾਏਦਾਰੀ ਕਿਸੇ ਹੋਰ ਤੋਂ ਲਈ ਹੈ ਅਤੇ ਤੁਹਾਨੂੰ ਕਿਸੇ ਸਟੂਡੀਓ ਜਾਂ ਇਕ ਬੈੱਡ ਵਾਲੇ ਘਰ ਵਿਚ ਜਾਣ ਦੀ ਇਜਾਜ਼ਤ ਮਿਲ ਗਈ ਹੈ ਜਾਂ ਤੁਸੀਂ ਦੋ ਜਾਂ ਵੱਧ ਬੈੱਡਰੂਮ ਛੱਡ ਰਹੇ ਹੋ।
- ਜੇ ਤੁਸੀਂ ਅਜਿਹੇ ਘਰ ਵਿਚ ਰਹਿੰਦੇ ਹੋ ਜਿਹਦੇ ਲਾਜ਼ਮੀ ਤੌਰ 'ਤੇ ਖ਼ਰੀਦੇ ਜਾਣ ਦਾ ਆਰਡਰ ਜਾਰੀ ਹੋ ਗਿਆ ਹੈ ਅਤੇ/ਜਾਂ ਜਿੱਥੇ ਤੁਹਾਨੂੰ ਨਵਾਂ ਘਰ ਦੇਣਾ ਕਾਉਂਸਿਲ ਦਾ ਕਾਨੂੰਨੀ ਫ਼ਰਜ਼ ਹੈ।

**ਬੈਂਡ ਬੀ (ਘਰ ਬਦਲਣ ਦੀ ਫ਼ੌਰੀ ਲੋੜ)**

- ਜੇ ਤੁਹਾਡੇ ਮਕਾਨ ਮਾਲਿਕ ਵਲੋਂ ਮੰਨੇ ਗਏ ਸਿਹਤ ਨਾਲ ਸੰਬੰਧਤ ਕਾਰਨਾਂ ਜਾ ਸਮਾਜਕ ਕਾਰਨਾਂ ਕਰਕੇ ਤੁਹਾਨੂੰ ਫ਼ੌਰੀ ਤੌਰ 'ਤੇ ਘਰ ਬਦਲਣ ਦੀ ਲੋੜ ਹੈ।
- ਜੇ ਪਰੇਸ਼ਾਨ ਕੀਤੇ ਜਾਣ ਕਰਕੇ ਜਾਂ ਹਿੰਸਾ ਦੇ ਡਰ ਕਾਰਨ ਤੁਹਾਨੂੰ ਫ਼ੌਰੀ ਤੌਰ 'ਤੇ ਘਰ ਬਦਲਣ ਦੀ ਲੋੜ ਹੈ। (ਪਰ ਇਹ ਨੋਟ ਕਰ ਲੈਣਾ ਕਿ ਇਹ ਗੱਲ ਸਿਰਫ਼ ਕਾਉਂਸਿਲ/ਹਾਊਜ਼ਿੰਗ ਐਸੋਸੀਏਸ਼ਨ ਦੇ ਕਿਰਾਏਦਾਰਾਂ 'ਤੇ ਹੀ ਲਾਗੂ ਹੁੰਦੀ ਹੈ)।
- ਜੇ ਤੁਸੀਂ ਬੇਘਰ ਹੋ ਅਤੇ ਤੁਹਾਨੂੰ ਘਰ ਦੇਣ ਦੀ ਜ਼ਿੰਮੇਦਾਰੀ ਕਾਉਂਸਿਲ ਨੇ ਲੈ ਲਈ ਹੈ ਅਤੇ ਇਸ ਵੇਲੇ ਤੁਸੀਂ ਕਿਸੇ ਬੈੱਡ ਐਂਡ ਬ੍ਰੇਕਫ਼ਾਸਟ ਜਾਂ ਹੋਸਟਲ ਵਿਚ ਜਾਂ ਆਰਜ਼ੀ ਤੌਰ 'ਤੇ ਰਿਸ਼ਤੇਦਾਰਾਂ ਜਾਂ ਦੋਸਤਾਂ ਕੋਲ ਰਹਿੰਦੇ ਹੋ।
- ਜੇ ਤੁਸੀਂ ਕਿਰਾਏਦਾਰ ਨਹੀਂ ਹੋ, ਤੁਹਾਡੇ ਕੋਲ ਕੋਈ ਨਿਰਭਰ ਬੱਚਾ ਹੈ ਪਰ ਕੋਈ ਬੈੱਡਰੂਮ ਜਾਂ ਸਾਂਝੀਆਂ ਸਹੂਲਤਾਂ ਨਹੀਂ ਹਨ।
- ਜੇ ਤੁਹਾਨੂੰ ਦੇਖਭਾਲ ਜਾਂ ਸੁਪੋਰਟਡ ਘਰ ਵਿਚੋਂ ਜਾਣਾ ਪੈਣਾ ਹੈ ਅਤੇ ਖ਼ਾਸ ਕੋਟਾ ਦੇਣ ਦੀ ਸਕੀਮ ਰਾਹੀਂ ਤੁਹਾਨੂੰ ਨਵਾਂ ਘਰ ਦੇਣਾ ਮੰਨ ਲਿਆ ਗਿਆ ਹੈ।
- ਜੇ ਤੁਸੀਂ ਕਿਰਾਏਦਾਰ ਹੋ ਅਤੇ ਤੁਹਾਡੇ ਕੋਲ ਵੱਡਾ ਘਰ ਹੈ, ਪਰ ਤੁਸੀਂ ਵਾਧੂ ਬੈੱਡਰੂਮ ਛੱਡਣਾ ਚਾਹੁੰਦੇ ਹੋ, ਪਰ ਹਾਲੇ ਵੀ ਤੁਹਾਨੂੰ ਦੋ ਜਾਂ ਵੱਧ ਬੈੱਡਰੂਮ ਚਾਹੀਦੇ ਹਨ।
- ਜੇ ਤੁਸੀਂ ਕਿਰਾਏਦਾਰ ਹੋ, ਅਤੇ ਤੁਹਾਡਾ ਘਰ ਢਾਹਿਆ ਜਾਣ ਵਾਲਾ ਹੈ, ਜਾਂ ਕਾਨੂੰਨੀ ਨਜ਼ਰੀਏ ਤੋਂ ਤੁਹਾਡੇ ਘਰ ਵਿਚ ਲੋੜ ਤੋਂ ਵੱਧ ਲੋਕ ਰਹਿੰਦੇ ਹਨ ਜਾਂ ਹੋਰ ਪ੍ਰਬੰਧਕੀ ਕਾਰਨਾਂ ਕਰਕੇ ਤੁਹਾਨੂੰ ਹੋਰ ਘਰ ਦੇਣਾ ਮੰਨ ਲਿਆ ਗਿਆ ਹੈ।
- ਜੇ ਤੁਸੀਂ ਕਾਉਂਸਿਲ ਦੀ ਕਿਰਾਏਦਾਰੀ ਕਿਸੇ ਹੋਰ ਤੋਂ ਲਈ ਹੈ ਅਤੇ ਤੁਹਾਨੂੰ ਦੋ ਜਾਂ ਵੱਧ ਬੈੱਡਰੂਮਾਂ ਵਾਲੇ ਕਿਸੇ ਛੋਟੇ ਘਰ ਵਿਚ ਜਾਣ ਦੀ ਇਜਾਜ਼ਤ ਮਿਲ ਗਈ ਹੈ।
- ਜੇ ਤੁਸੀਂ ਪਹਿਲਾਂ ਕਾਉਂਸਿਲ ਦੇ ਕਿਰਾਏਦਾਰ ਹੁੰਦੇ ਸੀ, ਅਤੇ ਪਹਿਲੀ ਕਿਰਾਏਦਾਰੀ ਛੱਡਣ ਵੇਲੇ ਤੁਹਾਨੂੰ ਨਵਾਂ ਘਰ ਦੇਣ ਦਾ ਵਚਨ ਦਿੱਤਾ ਗਿਆ ਸੀ।

**ਬੈਂਡ ਸੀ (ਰਿਹਾਇਸ਼ ਲਈ ਪਛਾਣੀਆਂ ਗਈਆਂ ਲੋੜਾਂ)**

- ਜੇ ਤੁਹਾਨੂੰ ਸਿਹਤ ਕਰਕੇ, ਜਾਂ ਘਰ ਵਿਚ ਭੀੜ ਜਾਂ ਸਿਹਤਮੰਦ ਸਫ਼ਾਈ ਦੀ ਘਾਟ ਕਾਰਨ ਰਿਹਾਇਸ਼ ਤਸੱਲੀਬਖ਼ਸ਼ ਨਾ ਹੋਣ ਕਰਕੇ ਹੋਰ ਥਾਂ ਜਾਣ ਦੀ ਲੋੜ ਹੈ।
- ਜੇ ਸੋਸ਼ਲ ਸਰਵਿਸਿਜ਼ ਦੀ ਤੁਹਾਡੀ ਦੇਖਭਾਲ ਦੀ ਯੋਜਨਾ ਵਿਚ ਤੁਹਾਨੂੰ ਹੋਰ ਥਾਂ ਭੇਜਣ ਦੀ ਲੋੜ ਸਮਝੀ ਗਈ ਹੈ ਜਾਂ ਤੁਹਾਡੀ ਕਿਸੇ ਸਮਾਜਕ ਮੁਸ਼ਕਿਲ ਨੂੰ ਦੂਰ ਕਰਨ ਲਈ ਸੋਸ਼ਲ ਸਰਵਿਸਿਜ਼ ਨੇ ਤੁਹਾਨੂੰ ਕਿਸੇ ਹੋਰ ਥਾਂ ਭੇਜਣਾ ਮੰਨ ਲਿਆ ਹੈ।

- ਜੇ ਤੁਸੀਂ ਬਜ਼ੁਰਗ ਹੋ ਅਤੇ ਤੁਹਾਨੂੰ ਸ਼ੈਲਟਰਡ ਘਰ ਵਿਚ ਭੇਜਿਆ ਜਾ ਰਿਹਾ ਹੈ।
- ਜੇ ਤੁਸੀਂ ਬੇਘਰ ਹੋ ਪਰ ਬੈਂਡ ਏ ਜਾਂ ਬੀ ਵਿਚ ਸ਼ਾਮਿਲ ਹੋਣ ਦੇ ਹੱਕਦਾਰ ਨਹੀਂ ਹੋ।

**ਬੈਂਡ ਡੀ**

- ਘਰ ਬਦਲਣ ਵਾਲੇ ਅਤੇ ਘਰ ਲੱਭ ਰਹੇ ਹੋਰ ਸਭ ਲੋਕ ਜਿਹੜੇ ਏ, ਬੀ ਜਾਂ ਸੀ ਬੈਂਡ ਵਿਚ ਨਹੀਂ ਆਉਂਦੇ।

## ਮੈਂ Locata (ਲੋਕੇਟ-ਏ) ਦਾ ਮੈਂਬਰ/ਦੀ ਮੈਂਬਰ ਕਿਵੇਂ ਬਣ ਸਕਦਾ/ਸਕਦੀ ਹਾਂ?

ਜੇ ਤੁਸੀਂ ਸਾਂਝੀਦਾਰ ਮਕਾਨ ਮਾਲਿਕਾਂ ਦੇ ਕਿਰਾਏਦਾਰ ਹੋ ਅਤੇ ਘਰ ਬਦਲਣ ਲਈ ਰਜਿਸਟਰ ਹੋਏ ਹੋ, ਜਾਂ ਤੁਸੀਂ ਘਰ ਲੱਭ ਰਹੇ ਹੋ, ਜਿਹਨਾਂ ਵਿਚ ਉਹ ਬੇਘਰ ਲੋਕ ਅਤੇ ਹੋਰ ਲੋਕ ਵੀ ਸ਼ਾਮਿਲ ਹਨ ਜੋ ਸਾਂਝੀਦਾਰ ਕਾਉਂਸਿਲਾਂ ਵਿਚੋਂ ਕਿਸੇ ਦੇ ਹਾਊਜ਼ਿੰਗ ਰਜਿਸਟਰ ਵਿਚ ਸ਼ਾਮਿਲ ਹਨ, ਤਾਂ ਤੁਸੀਂ ਪਹਿਲਾਂ ਹੀ ਲੋਕੇਟ-ਏ ਦੇ ਮੈਂਬਰ ਹੋ।

ਇਹਨਾਂ ਤੋਂ ਬਿਨਾਂ ਹੋਰ ਲੋਕਾਂ ਨੂੰ ਆਪਣੇ ਮਕਾਨ ਮਾਲਿਕ ਜਾਂ ਸਥਾਨਕ ਕਾਉਂਸਿਲ ਦੇ ਹਾਉਜ਼ਿੰਗ ਡਿਪਾਰਟਮੈਂਟ ਰਾਹੀਂ ਸਾਡੇ ਕੋਲ ਰਜਿਸਟਰ ਹੋਣ ਦੀ ਲੋੜ ਪਏਗੀ।

## ਬਰਾਬਰੀ ਦੇ ਮੌਕੇ - ਮੈਨੂੰ ਕਿਹੜੀ ਮਦਦ ਮਿਲ ਸਕਦੀ ਹੈ?

ਘਰਾਂ ਲਈ ਅਰਜ਼ੀ ਦੇਣ ਦੇ ਇੱਛੁਕ ਜਿਹਨਾਂ ਲੋਕਾਂ ਨੂੰ ਕੋਈ ਖ਼ਤਰਾ ਹੋ ਸਕਦਾ ਹੈ, ਅਤੇ ਜਿਹਨਾਂ ਨੂੰ ਭਾਸ਼ਾ ਸਮਝਣ ਸਮਝਾਉਣ ਵਿਚ ਮੁਸ਼ਕਿਲਾਂ ਆ ਸਕਦੀਆਂ ਹਨ ਉਹਨਾਂ ਦੀ ਮਦਦ ਕਰਨ ਲਈ ਮਾਹਰ ਸੋਸ਼ਲ ਵਰਕਰ ਅਤੇ ਵਾਲੰਟਰੀ ਏਜੰਸੀਆਂ ਹਨ, ਤਾਕਿ ਅਜਿਹੇ ਲੋਕ ਵੀ ਘਰ ਲੱਭਣ ਲਈ 'Locata HOME' ਦੀ ਵਰਤੋਂ ਕਰ ਸਕਣ।

ਨਵਾਂ ਘਰ ਲੈਣ ਲਈ ਸਭਨਾਂ ਲਈ 'Locata HOME' ਦੀ ਵਰਤੋਂ ਕਰਨਾ ਲਾਜ਼ਮੀ ਹੈ। ਜੇ ਮਿਲ ਸਕਣ ਵਾਲੇ ਘਰਾਂ ਲਈ ਤੁਸੀਂ ਅਰਜ਼ੀ ਨਹੀਂ ਦਿਓਗੇ, ਤਾਂ ਤੁਹਾਨੂੰ ਘਰ ਦੇਣ ਦੀ ਪੇਸ਼ਕਸ਼ ਨਹੀਂ ਕੀਤੀ ਜਾਏਗੀ।

## ਜੇ ਮੈਂ ਸ਼ੈਲਟਰਡ ਘਰ ਵਿਚ ਜਾਣਾ ਚਾਹਾਂ, ਤਾਂ?

ਸ਼ੈਲਟਰਡ ਘਰ ਖ਼ਾਸ ਤੌਰ 'ਤੇ ਸੁਤੰਤਰ ਤੌਰ 'ਤੇ ਰਹਿਣ ਵਾਲੇ ਬਜ਼ੁਰਗਾਂ ਲਈ ਬਣਾਏ ਜਾਂਦੇ ਹਨ, ਜੋ ਜ਼ਿਆਦਾ ਸਮਾਂ ਆਪਣੀ ਦੇਖਭਾਲ ਖ਼ੁਦ ਕਰ ਸਕਦੇ ਹਨ। ਜ਼ਿਆਦਾਤਰ ਸ਼ੈਲਟਰਡ ਘਰਾਂ ਵਿਚ ਵਾਰਡਨ ਜਾਂ ਸਕੀਮ ਮੈਨੇਜਰ ਹੁੰਦਾ/ਹੁੰਦੀ ਹੈ ਜੋ ਮਦਦ ਅਤੇ ਸਲਾਹ ਦੇਣ ਲਈ ਉਸੇ ਥਾਂ ਰਹਿੰਦਾ/ਰਹਿੰਦੀ ਹੈ। ਸ਼ੈਲਟਰਡ ਘਰ ਲੈਣ ਲਈ ਅਰਜ਼ੀ ਕਰਨ ਲਈ ਇਹ ਜ਼ਰੂਰੀ ਹੈ ਕਿ ਤੁਹਾਡੀਆਂ ਲੋੜਾਂ ਦਾ ਹਿਸਾਬ ਲਾ ਕੇ ਤੁਹਾਨੂੰ ਸ਼ੈਲਟਰਡ ਘਰ ਲੈਣ ਦੇ ਹੱਕਦਾਰ ਮੰਨਿਆ ਗਿਆ ਹੋਵੇ। ਆਪਣੇ ਹੱਕਦਾਰ ਹੋਣ ਬਾਰੇ ਅਤੇ ਇਹ ਪਤਾ ਕਰਨ ਲਈ ਕਿ ਕਿਸ ਕਿਸਮ ਦੇ ਸ਼ੈਲਟਰਡ ਘਰ ਮਿਲ ਸਕਦੇ ਹਨ, ਤੁਸੀਂ ਆਪਣੇ ਮਕਾਨ ਮਾਲਿਕ ਜਾਂ ਹਾਊਜ਼ਿੰਗ ਡਿਪਾਰਟਮੈਂਟ ਨਾਲ ਗੱਲ ਕਰੋ।

## ਜੇ ਮੇਰੀ ਸਿਹਤ ਵਿਚ ਕੋਈ ਖ਼ਰਾਬੀ ਹੋਵੇ, ਤਾਂ ਮੈਨੂੰ ਮਾਨਿਸਕ ਸਿਹਤ ਦੀ ਕੋਈ ਮੁਸ਼ਕਿਲ ਆਉਂਦੀ ਹੋਵੇ, ਤਾਂ?

ਜੇ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਵਿਚ ਕਿਸੇ ਹੋਰ ਨੂੰ ਸਿਹਤ ਜਾਂ ਮਾਨਸਿਕ ਸਿਹਤ ਬਾਰੇ ਕੋਈ ਮੁਸ਼ਕਿਲਾਂ ਆ ਰਹੀ ਹੈ, ਜਾਂ ਤੁਹਾਡੀ ਕੋਈ ਹੋਰ ਖ਼ਾਸ ਲੋੜ ਹੈ, ਤਾਂ ਹੋ ਸਕਦਾ ਹੈ ਕਿ ਤੁਹਾਨੂੰ ਆਪਣੀ ਸਿਹਤ ਬਾਰੇ ਫ਼ਾਰਮ ਭਰਨਾ ਪਏ। ਇਹਦੇ ਵਿਚ

ਤੁਹਾਡੀ ਸਿਹਤ ਦੀ ਖ਼ਰਾਬੀ ਬਾਰੇ ਪੁੱਛਿਆ ਜਾਏਗਾ, ਅਤੇ ਇਹ ਵੀ ਕਿ ਤੁਹਾਡਾ ਹੁਣ ਵਾਲਾ ਘਰ ਤੁਹਾਡੀ ਸਿਹਤ ਨੂੰ ਹੋਰ ਖ਼ਰਾਬ ਕਿਵੇਂ ਕਰ ਰਿਹਾ ਹੈ ਅਤੇ ਤੁਹਾਨੂੰ ਹੋਰ ਥਾਂ ਜਾਣ ਦੀ ਲੋੜ ਕਿਉਂ ਹੈ। ਡਾਕਟਰ ਕੋਲੋਂ ਖ਼ਤ ਲੈਣ ਦੀ ਲੋੜ ਤੁਹਾਨੂੰ ਨਹੀਂ। ਸਾਡਾ ਸਲਾਹਕਾਰ ਡਾਕਟਰ ਤੁਹਾਡੀ ਅਰਜ਼ੀ ਬਾਰੇ ਵਿਚਾਰ ਕਰਕੇ ਫ਼ੈਸਲਾ ਕਰੇਗਾ ਕਿ ਕੀ ਨਵੇਂ ਘਰ ਵਿਚ ਜਾਣ ਨਾਲ ਤੁਹਾਡੀ ਮਦਦ ਹੋ ਸਕਦੀ ਹੈ ਅਤੇ ਤੁਹਾਨੂੰ ਕਿੰਨੀ ਛੇਤੀ ਹੋਰ ਥਾਂ ਜਾਣ ਦੀ ਲੋੜ ਹੈ।

## ਜੇ ਮੇਰੇ ਘਰ ਵਿਚ ਕਿਸੇ ਨੂੰ ਚੱਲਣ ਫਿਰਨ ਵਿਚ ਮੁਸ਼ਕਿਲ ਆਉਂਦੀ ਹੋਵੇ, ਤਾਂ?

ਜਦ ਤੁਸੀਂ ਆਪਣੀ ਸਿਹਤ ਬਾਰੇ ਖ਼ੁਦ ਫ਼ਾਰਮ ਭਰੋਗੇ, ਤਾਂ ਤੁਹਾਨੂੰ ਪੁੱਛਿਆ ਜਾਏਗਾ ਕਿ ਕੀ ਤੁਹਾਨੂੰ ਜਾਂ ਤੁਹਾਡੇ ਘਰ ਵਿਚ ਕਿਸੇ ਹੋਰ ਨੂੰ ਚੱਲਣ ਫਿਰਨ ਜਾਂ ਪੌੜੀਆਂ ਚੜ੍ਹਨ ਵਿਚ ਮੁਸ਼ਕਿਲ ਆਉਂਦੀ ਹੈ, ਅਤੇ ਇਹਦੇ ਅਨੁਸਾਰ ਅਸੀਂ ਤੁਹਾਨੂੰ ਘਰ ਦੇਣ ਦੀ ਪੇਸ਼ਕਸ਼ ਕਰਾਂਗੇ। ਮਿਸਾਲ ਵਜੋਂ, ਜੇ ਤੁਸੀਂ ਜਾਂ ਤੁਹਾਡੇ ਘਰ ਦਾ ਕੋਈ ਜੀਅ ਵ੍ਹੀਲਚੇਅਰ ਦੀ ਵਰਤੋਂ ਕਰਦਾ/ਕਰਦੀ ਹੈ, ਤਾਂ ਤੁਹਾਡੇ ਪਰਿਵਾਰ ਦੀਆਂ ਰਿਹਾਇਸ਼ ਦੀਆਂ ਲੋੜਾਂ ਦਾ ਹਿਸਾਬ ਲਾਉਣ ਲਈ ਕਿਸੇ ਆਕਿਊਪੇਸ਼ਨਲ ਥੈਰਾਪਿਸਟ ਨੂੰ ਭੇਜਿਆ ਜਾ ਸਕਦਾ ਹੈ।

ਜੇ ਇਹ ਮੰਨ ਲਿਆ ਜਾਏ ਕਿ ਤੁਹਾਡੇ ਲਈ ਘਰ ਵਿਚ ਕੋਈ ਖ਼ਾਸ ਤਬਦੀਲੀ ਕਰਵਾਉਣ ਦੀ ਲੋੜ ਹੈ, ਤਾਂ ਤੁਹਾਨੂੰ ਇਹਨਾਂ ਵਿਚੋਂ ਕਿਸੇ ਇਕ ਗਰੁਪ ਵਿਚ ਰੱਖਿਆ ਜਾਏਗਾ:

- ਮੋਬਿਲਿਟੀ ਗਰੁਪ 1 - ਘਰ ਦੇ ਅੰਦਰ ਅਤੇ ਬਾਹਰ ਵ੍ਹੀਲਚੇਅਰ ਦੀ ਵਰਤੋਂ ਕਰਨ ਵਾਲੇ।
- ਮੋਬਿਲਿਟੀ ਗਰੁਪ 2 – ਜਿਹੜੇ ਲੋਕ ਪੌੜੀਆਂ ਨਹੀਂ ਚੜ੍ਹ ਸਕਦੇ ਅਤੇ ਹੋ ਸਕਦਾ ਹੈ ਕਿ ਕਦੇ ਕਦੇ ਵ੍ਹੀਲਚੇਅਰ ਦੀ ਵਰਤੋਂ ਵੀ ਕਰਦੇ ਹਨ।
- ਮੋਬਿਲਿਟੀ ਗਰੁਪ 3 – ਜਿਹੜੇ ਲੋਕ ਪੌੜੀਆਂ ਦੇ ਸਿਰਫ਼ 1 ਜਾਂ 2 ਪੌਡੇ ਹੀ ਚੜ੍ਹ ਸਕਦੇ ਹਨ।

ਤੁਹਾਡੇ ਮੋਬਿਲਿਟੀ ਗਰੁਪ ਲਈ ਸਹੀ ਕਿਸਮ ਦੇ ਘਰਾਂ ਬਾਰੇ ਇਸ਼ਤਿਹਾਰਾਂ ਦੱਸਿਆ ਹੋਏਗਾ ਅਤੇ ਤੁਹਾਡੇ ਮੋਬਿਲਿਟੀ ਗਰੁਪ ਵਾਲਿਆਂ ਨੂੰ ਅਜਿਹੇ ਘਰ ਦੇਣ ਵਿਚ ਪਹਿਲ ਦਿੱਤੀ ਜਾਏਗੀ।

## ਜੇ ਮੇਰੇ ਹਾਲਾਤ ਬਦਲ ਜਾਣ ਤਾਂ?

ਤੁਹਾਡੇ ਘਰ ਪਰਿਵਾਰ, ਸਿਹਤ ਜਾਂ ਰਿਹਾਇਸ਼ ਨਾਲ ਸੰਬੰਧਤ ਹਾਲਾਤ ਵਿਚ ਆਉਣ ਵਾਲੀਆਂ ਸਭ ਤਬਦੀਲੀਆਂ ਬਾਰੇ ਆਪਣੀ ਕਾਉਂਸਿਲ/ਹਾਊਜ਼ਿੰਗ ਐਸੋਸੀਏਸ਼ਨ ਨੂੰ ਦੱਸਣਾ ਤੁਹਾਡੇ ਲਈ ਲਾਜ਼ਮੀ ਹੈ। ਇਹ ਬਹੁਤ ਜ਼ਰੂਰੀ ਹੈ ਕਿਉਂਕਿ ਇਹਦੇ ਨਾਲ ਤੁਹਾਡਾ ਬੈਂਡ ਜਾਂ ਕੁਝ ਕਿਸਮ ਦੇ ਘਰ ਲੈਣ ਦਾ ਤੁਹਾਡਾ ਹੱਕ ਬਦਲ ਸਕਦਾ ਹੈ।

## ਮੈਂ ਘਰ ਲੈਣ ਲਈ ਅਰਜ਼ੀ ਕਿਵੇਂ ਦੇ ਸਕਦਾ/ਸਕਦੀ ਹਾਂ?

'Locata HOME' ਦੇ ਹਰ ਅੰਕ ਦੇ ਇਸ਼ਤਿਹਾਰਾਂ ਵਿਚੋਂ ਤੁਸੀਂ ਤਿੰਨ ਤਕ ਘਰਾਂ ਲਈ ਅਰਜ਼ੀ ਦੇ ਸਕਦੇ ਹੋ। ਇਹਦੇ ਲਈ ਤੁਹਾਨੂੰ ਸਿਰਫ਼ ਕੂਪਨ ਭਰ ਕੇ ਭੇਜਣ, ਟੈਲੀਫ਼ੋਨ ਕਰਨ ਜਾਂ ਟੈਕਸਟ ਮੈਸੇਜ ਭੇਜਣ ਦੀ ਹੀ ਲੋੜ ਹੈ। ਤੁਸੀਂ ਔਨਲਾਈਨ (ਇੰਟਰਨੈੱਟ 'ਤੇ) Make your bid ਸਫ਼ੇ ਦੀ ਵਰਤੋਂ ਕਰਕੇ ਵੀ ਅਰਜ਼ੀ ਕਰ ਸਕਦੇ ਹੋ। ਆਏ ਹੋਏ ਜਵਾਬਾਂ ਨੂੰ Locata ਚੈਕ ਕਰਕੇ ਦੇਖਦੀ ਹੈ ਕਿ ਕੀ ਅਰਜ਼ੀ ਦੇਣ ਵਾਲਾ/ਵਾਲੀ ਹਰ ਵਿਅਕਤੀ ਘਰ ਲੈਣ ਦਾ ਹੱਕਦਾਰ ਹੈ। ਫਿਰ Locata ਸਭ ਹੱਕਦਾਰ ਲੋਕਾਂ ਨੂੰ ਪਹਿਲ ਦੇਣ ਦੀ ਤਰਤੀਬ ਵਿਚ ਰੱਖ ਕੇ ਇਹ ਛੋਟੀ ਲਿਸਟ ਮਕਾਨ ਮਾਲਿਕ ਨੂੰ ਭੇਜਦੀ ਹੈ।

# ਇੰਟਰਨੈੱਟ ਵੈੱਬਸਾਈਟ ’ਤੇ ਅਰਜ਼ੀ ਭੇਜਣਾ

| | | |
|---|---|---|
| 1 | ਆਪਣਾ ਇੰਟਰਨੈੱਟ ਬ੍ਰਾਊਜ਼ਰ ਖੋਲ੍ਹ ਕੇ ਇਸ ਵੈੱਬਸਾਈਟ ’ਤੇ ਜਾਓ: | **www.locata.org** |
| 2 | login ਲਿੰਕ ’ਤੇ ਕਲਿਕ ਕਰੋ | ਇਹਦੇ ਨਾਲ ਤੁਸੀਂ ਲੌਗਇੰਨ ਸਕ੍ਰੀਨ ’ਤੇ ਜਾਓਗੇ |
| 3 | ਆਪਣੇ ਬੋਰੋ ਦਾ ਤਿੰਨ ਅੱਖਰਾਂ ਵਾਲਾ ਛੋਟਾ ਨਾਂ ਚੁਣੋ, ਅਤੇ ਫ਼ਿਰ ਤੁਸੀਂ ਲਿੰਨ (LIN) ਨੰਬਰ ਭਰੋ: | ਮਿਸਾਲ: ਜੇ ਤੁਸੀਂ ਈਲਿੰਗ ਦੇ ਮੈਂਬਰ ਹੋ, ਅਤੇ ਤੁਹਾਡਾ LIN ਨੰਬਰ LIN of EAL12345 ਹੈ, ਤਾਂ ਤੁਸੀਂ ਹੇਠਾਂ ਆਉਣ ਵਾਲੀ ਲਿਸਟ ਵਿਚੋਂ EAL ਚੁਣੋ, ਅਤੇ ਫਿਰ ਇਹਦੇ ਸਾਹਮਣੇ ਖ਼ਾਲੀ ਥਾਂ ਵਿਚ ਨੰਬਰ 12345 ਟਾਈਪ ਕਰੋ। |
| 4 | ਜਨਮ ਤਾਰੀਖ਼ ਵਾਲੀ ਥਾਂ ਵਿਚ ਆਪਣੀ ਜਨਮ ਤਾਰੀਖ਼ ਟਾਈਪ ਕਰੋ | ਜਿਵੇਂ 31 Jan 1960 |
| 5 | ਇਸ ਤਰ੍ਹਾਂ ਤੁਸੀਂ ਮੈਂਬਰਾਂ ਵਾਲੇ ਸਫ਼ੇ ’ਤੇ ਚਲੇ ਜਾਓਗੇ। ਇੱਥੇ ਤੁਸੀਂ ਘਰਾਂ ਦੀ ਖੋਜ ਕਰਕੇ ਫ਼੍ਰੀਸ਼ੀਟ ਭਰ ਸਕਦੇ ਹੋ ਅਤੇ ਅਰਜ਼ੀ ਦੇ ਸਕਦੇ ਹੋ। ਅਰਜ਼ੀ ਦੇਣ ਲਈ, ਤੁਸੀਂ Bid for properties ਲਿੰਕ ’ਤੇ ਕਲਿਕ ਕਰੋ | ਇਸ ਤਰ੍ਹਾਂ ਤੁਸੀਂ ਅਰਜ਼ੀ ਦੇਣ ਵਾਲੇ ਸਫ਼ੇ ’ਤੇ ਪਹੁੰਚ ਜਾਓਗੇ |
| 6 | ਅਰਜ਼ੀ ਦੇਣ ਲਈ, Bid 1, Bid 2 ਅਤੇ Bid 3 ਦੇ ਸਾਹਮਣੇ ਵਾਲੀ ਥਾਂ ’ਤੇ ਘਰ ਦਾ ਤਿੰਨ ਅੱਖਰਾਂ ਵਾਲਾ ਰੈਫ਼ਰੈਂਸ ਨੰਬਰ ਟਾਈਪ ਕਰੋ। | ਜਿਵੇਂ ਕਿ: ਜੇ ਤੁਸੀਂ ਉਹਨਾਂ ਤਿੰਨ ਘਰਾਂ ਲਈ ਅਰਜ਼ੀ ਦੇ ਰਹੇ ਹੋ, ਜਿਹਨਾਂ ਦੇ ਨੰਬਰ 428, 387 ਅਤੇ 621 ਹਨ, ਤਾਂ Bid 1 ਦੇ ਕੋਲ 428, Bid 2 ਦੇ ਕੋਲ 387 ਅਤੇ Bid 3 ਦੇ ਕੋਲ 621 ਟਾਈਪ ਕਰੋ |
| 7 | Submit Bids ਬਟਨ ’ਤੇ ਕਲਿਕ ਕਰੋ। | |
| ਇੰਨੀ ਹੀ ਗੱਲ ਹੈ, ਤੁਹਾਡੀ ਅਰਜ਼ੀ ਦੇ ਹੋ ਗਈ। | | |

# ਟੈਕਸਟ ਮੈਸੇਜ ਨਾਲ ਅਰਜ਼ੀ ਦੇਣਾ

| | ਕੰਮ | ਮਿਸਾਲ |
|---|---|---|
| 1 | ਅਰਜ਼ੀ ਦੇਣ ਦਾ ਕੰਮ ਸ਼ੁਰੂ ਕਰਨ ਲਈ: | ਨਵਾਂ ਟੈਕਸਟ ਮੈਸੇਜ ਖੋਲ੍ਹੋ |
| 2 | ਫ਼ੋਨ ਦੇ ਬਟਨਾਂ ਨਾਲ ਆਪਣਾ LIN ਨੰਬਰ ਦੱਸੋ: | BRE12345 |
| 3 | ਇਹਤੋਂ ਇਕਦਮ ਮਗਰੋਂ ਹੈਸ਼ ਦਾ ਨਿਸ਼ਾਨ ਦੱਬੋ: | BRE12345# |
| 4 | ਹੁਣ ਤੁਸੀਂ ਆਪਣੀ ਪਹਿਲੀ ਅਰਜ਼ੀ ਲਈ ਇਸ਼ਤਿਹਾਰ ਦਾ ਰੈਫ਼ਰੈਂਸ ਨੰਬਰ ਦੱਸੋ ਅਤੇ ਇਹਤੋਂ ਇਕਦਮ ਬਾਅਦ ਹੈਸ਼ (#) ਦਾ ਨਿਸ਼ਾਨ ਦੱਬੋ: | BRE12345#456# |
| ਜੇ ਤੁਸੀਂ ਅਰਜ਼ੀ ਦੇਣ ਦਾ ਕੰਮ ਪੂਰਾ ਕਰ ਲਿਆ ਹੈ, ਤਾਂ ਸੁਨੇਹਾ ਭੇਜੋ, ਜੇ ਨਹੀਂ, ਤਾਂ ਅੱਗੇ ਦੱਸੀਆਂ ਹਿਦਾਇਤਾਂ ਦਾ ਪਾਲਣ ਕਰੋ। | | |
| 5 | ਹੁਣ ਤੁਸੀਂ ਆਪਣੀ ਦੂਸਰੀ ਅਰਜ਼ੀ ਲਈ ਇਸ਼ਤਿਹਾਰ ਦਾ ਰੈਫ਼ਰੈਂਸ ਨੰਬਰ ਦੱਸੋ ਅਤੇ ਇਹਤੋਂ ਇਕਦਮ ਬਾਅਦ ਹੈਸ਼ ਦਾ ਨਿਸ਼ਾਨ ਦੱਬੋ: : | BRE12345#456#491# |
| ਜੇ ਤੁਸੀਂ ਅਰਜ਼ੀ ਦੇਣ ਦਾ ਕੰਮ ਪੂਰਾ ਕਰ ਲਿਆ ਹੈ, ਤਾਂ ਸੁਨੇਹਾ ਭੇਜੋ, ਜੇ ਨਹੀਂਅੱਗੇ ਦੱਸੀਆਂ ਹਿਦਾਇਤਾਂ ਦਾ ਪਾਲਣ ਕਰੋ | | |
| 6 | ਹੁਣ ਤੁਸੀਂ ਆਪਣੀ ਤੀਸਰੀ ਅਰਜ਼ੀ ਲਈ ਇਸ਼ਤਿਹਾਰ ਦਾ ਰੈਫ਼ਰੈਂਸ ਨੰਬਰ ਦੱਸੋ ਅਤੇ ਇਹਤੋਂ ਇਕਦਮ ਬਾਅਦ ਹੈਸ਼ ਦਾ ਨਿਸ਼ਾਨ ਦੱਬੋ: | BRE12345#456#491#444# |
| 7 | ਆਪਣੀਆਂ ਸਾਰੀਆਂ ਅਰਜ਼ੀਆਂ ਪੂਰੀਆਂ ਕਰਨ ਮਗਰੋਂ ਇਹਨਾਂ ਨੂੰ ਟੈਕਸਟ ਮੈਸੇਜ ਰਾਹੀਂ ਭੇਜੋ: | Send |
| 8 | ਅਰਜ਼ੀ ਭੇਜਣ ਲਈ ਫ਼ੋਨ ਨੰਬਰ ਇਹ ਹੈ: | **07800 140767** |

- ਜ਼ਿਆਦਾਤਰ ਮੋਬਾਈਲ ਫ਼ੋਨ ਕੰਪਨੀਆਂ SMS ਟੈਕਸਟ ਮੈਸੇਜ ਭੇਜਣ ਲਈ ਆਮ ਤੌਰ 'ਤੇ ਹਰ ਮੈਸੇਜ ਲਈ ਲੱਗਭਗ 10 ਪੈਂਸ ਲੈਂਦੀਆਂ ਹਨ
- ਮੈਸੇਜ ਵਿਚ ਨੰਬਰ ਜਮ੍ਹਾਂ ਕਰਨ ਲਈ ਤਦ ਤਕ ਬਟਨ ਦੱਬਦੇ ਜਾਓ ਜਦ ਤਕ ਤੁਸੀਂ ਨੰਬਰਾਂ 'ਤੇ ਨਾ ਪਹੁੰਚ ਜਾਓ, ਫਿਰ ਨੰਬਰ ਚੁਣੋ
- ਜ਼ਿਆਦਾਤਰ ਮੋਬਾਈਲ ਫ਼ੋਨਾਂ 'ਤੇ ਹੈਸ਼ ਅੱਖਰ ਲੱਭਣ ਲਈ ਪਹਿਲਾਂ ਸਟਾਰ ਵਾਲੇ ਬਟਨ ਨੂੰ ਦਬਾ ਕੇ ਫਿਰ ਹੈਸ਼ ਅੱਖਰ ਚੁਣੀਦਾ ਹੈ
- ਤੁਸੀਂ ਆਪਣੀ ਅਰਜ਼ੀ ਵੱਡੇ ਅੱਖਰਾਂ ਵਿਚ ਵੀ ਭੇਜ ਸਕਦੇ ਹੋ ਅਤੇ ਛੋਟੇ ਅੱਖਰਾਂ ਵਿਚ ਵੀ
- ਅਰਜ਼ੀ ਭੇਜਣ ਤੋਂ ਪਹਿਲਾਂ ਆਪਣਾ LIN ਨੰਬਰ ਚੈਕ ਕਰ ਲਓ

# ਟੈਲੀਫ਼ੋਨ ’ਤੇ ਅਰਜ਼ੀ ਭੇਜਣਾ

| | ਕੰਮ | ਮਿਸਾਲ |
|---|---|---|
| 1 | ਅਰਜ਼ੀ ਭੇਜਣਾ ਸ਼ੁਰੂ ਕਰਨ ਲਈ, ਇਸ ਨੰਬਰ ’ਤੇ ਫ਼ੋਨ ਕਰੋ: | **0906 294 2012** |
| 2 | ਤੁਹਾਨੂੰ ਇਹ ਸੁਣਾਈ ਦੇਵੇਗਾ: | “Welcome to the Locata Property Line, Please select the Borough or RSL you are registered with from the following list.” (ਇਸ ਲਿਸਟ ਵਿਚੋਂ ਆਪਣੇ ਬੋਰੋ ਜਾਂ ਮਕਾਨ ਮਾਲਿਕ ਦੀ ਚੋਣ ਕਰੋ ਜਿਹਦੇ ਕੋਲ ਤੁਸੀਂ ਰਜਿਸਟਰ ਹੋਏ ਹੋ) |
| | 1 ਦਬਾਓ<br>2 ਦਬਾਓ<br>3 ਦਬਾਓ<br>4 ਦਬਾਓ<br>5 ਦਬਾਓ<br>6 ਦਬਾਓ<br><br>7 ਦਬਾਓ | For Brent (ਬ੍ਰੈਂਟ ਲਈ)<br>For Ealing (ਈਲਿੰਗ ਲਈ)<br>For Harrow (ਹੈਰੋ ਲਈ)<br>For Hillingdon (ਹਿਲਿੰਗਡਨ ਲਈ<br>For Hounslow (ਹੰਸਲੋ ਲਈ)<br>For Ealing Family Housing Association (ਈਲਿੰਗ ਫ਼ੈਮਿਲੀ ਹਾਊਜ਼ਿੰਗ ਐਸੋਸੀਏਸ਼ਨ ਲਈ)<br>For PCHA (ਪੀ ਸੀ ਐਚ ਏ ਲਈ) |
| 3 | ਫਿਰ ਤੁਹਾਨੂੰ ਇਹ ਸੁਣਾਈ ਦੇਵੇਗਾ: | “Thank you. Please enter the number section of your LIN number.” (ਆਪਣੇ ਲਿਨ ਨੰਬਰ ਦੇ ਹਿੰਦਸਿਆਂ ਵਾਲੇ ਹਿੱਸੇ ਦੇ ਨੰਬਰ ਦਬਾਓ) |
| 4 | ਹੁਣ ਤੁਸੀਂ ਆਪਣੇ LIN ਨੰਬਰ ਦੇ ਸਿਰਫ਼ ਨੰਬਰਾਂ ਨੂੰ ਦਬਾਓ। ਜਦ ਤੁਸੀਂ ਸਹੀ ਨੰਬਰ ਦਬਾ ਹਟੋਗੇ, ਤਾਂ ਤੁਹਾਨੂੰ ਇਹ ਸੁਣਾਈ ਦੇਵੇਗਾ: | “Thank you. Please enter the day number of your birth date” (ਆਪਣੀ ਜਨਮ ਤਾਰੀਖ਼ ਦਾ ਦਿਨ ਦਬਾਓ)<br>ਜਨਮ ਤਾਰੀਖ਼ 16/04/60 ਦਾ ਦਿਨ 16 ਹੈ<br>ਜਨਮ ਤਾਰੀਖ਼ 08/01/58 ਦਾ ਦਿਨ 08 (ਤੁਸੀਂ ਇਕੱਲੇ ਹਿੰਦਸੇ ਤੋਂ ਪਹਿਲਾਂ 0 ਜ਼ਰੂਰ ਲਾਓ), ਪਰ<br>ਜਨਮ ਤਾਰੀਖ਼ 23/06/31 ਦਾ ਦਿਨ 23 ਹੈ। |
| 5 | ਹੁਣ ਤੁਸੀਂ ਆਪਣੀ ਜਨਮ ਤਾਰੀਖ਼ ਦਾ ਦਿਨ ਦੱਬੋ। ਜਦ ਤੁਸੀਂ ਸਹੀ ਨੰਬਰ ਦੱਬ ਹਟੋਗੇ, ਤਾਂ ਤੁਹਾਨੂੰ ਇਹ ਸੁਣਾਈ ਦੇਵੇਗਾ: | “Thank you. Please enter your first property reference bid number.” (ਪਹਿਲੇ ਘਰ ਦਾ ਰੈਫ਼ਰੈਂਸ ਬਿਡ ਨੰਬਰ ਦਬਾਓ) |
| 6 | ਜਦ ਤੁਸੀਂ ਘਰ ਦਾ ਸਹੀ ਰੈਫ਼ਰੈਂਸ ਨੰਬਰ ਦੱਬ ਹਟੋਗੇ, ਤਾਂ ਤੁਹਾਨੂੰ ਇਹ ਸੁਣਾਈ ਦੇਵੇਗਾ: | “Thank you. If you would like to add an additional bid press 1 or press 2 to complete your bids.” (ਜੇ ਤੁਸੀਂ ਕਿਸੇ ਹੋਰ ਘਰ ਲਈ ਵੀ ਅਰਜ਼ੀ ਦੇਣੀ ਹੈ, ਤਾਂ 1 ਦਬਾਓ, ਜੇ ਹੋਰ ਘਰ ਲਈ ਅਰਜ਼ੀ ਨਹੀਂ ਦੇਣੀ ਤਾਂ 2 ਦਬਾਓ) |

| | | |
|---|---|---|
| 7 | ਜੇ ਤੁਸੀਂ 1 ਦੱਬਿਆ ਹੈ, ਤਾਂ ਤੁਹਾਨੂੰ ਇਹ ਸੁਣਾਈ ਦੇਵੇਗਾ: | "Please enter your second property bid number or press the * key to complete your bidding." (ਦੂਸਰੇ ਘਰ ਦਾ ਬਿਡ ਨੰਬਰ ਦਬਾਓ, ਜਾਂ ਜੇ ਅਰਜ਼ੀ ਦੇਣ ਦਾ ਕੰਮ ਪੂਰਾ ਹੋ ਗਿਆ ਹੈ, ਤਾਂ * ਵਾਲਾ ਬਟਨ ਦਬਾਓ) |
| 8 | ਜਦ ਤੁਸੀਂ ਦੂਸਰੇ ਘਰ ਦਾ ਸਹੀ ਰੈਫ਼ਰੈਂਸ ਨੰਬਰ ਦੱਬ ਹਟੋਗੇ, ਤਾਂ ਤੁਹਾਨੂੰ ਇਹ ਸੁਣਾਈ ਦੇਵੇਗਾ: | If you would like to add an additional bid, please press 1 now or press 2 to complete your bidding." (ਜੇ ਤੁਸੀਂ ਕਿਸੇ ਹੋਰ ਘਰ ਲਈ ਵੀ ਅਰਜ਼ੀ ਦੇਣੀ ਹੈ, ਤਾਂ 1 ਦਬਾਓ, ਜੇ ਹੋਰ ਘਰ ਲਈ ਅਰਜ਼ੀ ਨਹੀਂ ਦੇਣੀ ਤਾਂ 2 ਦਬਾਓ) |
| 9 | ਜਦ ਤੁਸੀਂ ਅਰਜ਼ੀ ਦੇਣ ਕੰਮ ਪੂਰਾ ਕਰ ਲਓਗੇ, ਤਾਂ ਤੁਹਾਨੂੰ ਇਹ ਸੁਣਾਈ ਦੇਵੇਗਾ: | "Thank you for bidding on the Locata Property line." (ਅਰਜ਼ੀ ਦੇਣ ਲਈ ਧੰਨਵਾਦ) |
| ਜੇ ਤੁਸੀਂ ਕੋਈ ਗ਼ਲਤੀ ਕਰੋਗੇ, ਤਾਂ ਤੁਹਾਨੂੰ ਇਹ ਹਿਦਾਇਤਾਂ ਸੁਣਾਈ ਦੇਣਗੀਆਂ: | | |
| 10 | ਜੇ ਤੁਸੀਂ ਨੰਬਰ ਦੱਸਣ ਵਿਚ ਗ਼ਲਤੀ ਕੀਤੀ ਹੋਏਗੀ, ਤਾਂ ਤੁਹਾਨੂੰ ਇਹ ਸੁਣਾਈ ਦੇਵੇਗਾ: | "I am sorry, the LIN number you have entered is not recognised. Please try again." (ਜਿਹੜਾ ਲਿਨ ਨੰਬਰ ਤੁਸੀਂ ਦੱਬਿਆ ਸੀ ਉਹ ਪਛਾਣਿਆ ਨਹੀਂ ਗਿਆ। ਇਕ ਵਾਰ ਫਿਰ ਕੋਸ਼ਿਸ਼ ਕਰੋ) |
| ਇਸ ਹਾਲਤ ਵਿਚ ਤੁਸੀਂ ਆਪਣਾ ਸਹੀ ਨੰਬਰ ਬੜੇ ਧਿਆਨ ਨਾਲ ਦੱਬੋ | | |
| 11 | ਜੇ ਤੁਸੀਂ ਹੋਰ ਗ਼ਲਤੀਆਂ ਕਰੋਗੇ, ਤਾਂ ਤੁਹਾਨੂੰ ਇਹ ਸੁਣਾਈ ਦੇਵੇਗਾ: | "I am sorry, the LIN number you have entered is not found. Please check with your registering partner and call again." (ਜਿਹੜਾ ਲਿਨ ਨੰਬਰ ਤੁਸੀਂ ਦੱਬਿਆ ਸੀ ਉਹ ਲੱਭਿਆ ਨਹੀਂ। ਜਿਹਦੇ ਕੋਲ ਤੁਸੀਂ ਰਜਿਸਟਰ ਹੋਏ ਹੋ, ਉਹਤੋਂ ਪਤਾ ਕਰਕੇ ਦੁਬਾਰਾ ਫ਼ੋਨ ਕਰੋ) |

# ਕੂਪਨ ਭਰ ਕੇ ਅਰਜ਼ੀ ਕਰਨਾ

| | |
|---|---|
| ਤੁਹਾਡੇ ਕੂਪਨ 'ਤੇ ਤੁਹਾਡਾ ਨਾਂ ਅਤੇ LIN (ਲੋਕੇਟ-ਏ ਆਡੀਡੈਂਟੀਫ਼ਿਕੇਸ਼ਨ ਨੰਬਰ) ਛਪਿਆ ਹੋਏਗਾ - ਕਿਰਪਾ ਕਰਕੇ ਚੈਕ ਕਰੋ ਕਿ ਕੀ ਇਹ ਜਾਣਕਾਰੀ ਠੀਕ ਹੈ। | ਤੁਸੀਂ ਦੂਸਰੇ ਕਾਲਮ ਵਿਚ ਰੈਫ਼ਰੈਂਸ ਨੰਬਰ ਦੇ ਦੂਸਰੇ ਹਿੰਦਸੇ ਦੇ ਸਾਹਮਣੇ ਵਾਲੇ ਖ਼ਾਨੇ ਵਿਚ X ਲਿਖੋ। |
| ਤੁਸੀਂ ਫ਼੍ਰੀਸ਼ੀਟ ਦੇ ਹਰ ਐਡੀਸ਼ਨ ਵਿਚੋਂ ਤਿੰਨ ਤਕ ਘਰਾਂ ਲਈ ਅਰਜ਼ੀ ਕਰ ਸਕਦੇ ਹੋ। | ਤੁਸੀਂ ਤੀਸਰੇ ਕਾਲਮ ਵਿਚ ਰੈਫ਼ਰੈਂਸ ਨੰਬਰ ਦੇ ਤੀਸਰੇ ਹਿੰਦਸੇ ਦੇ ਸਾਹਮਣੇ ਵਾਲੇ ਖ਼ਾਨੇ ਵਿਚ X ਲਿਖੋ। |
| ‘Locata HOME’ ਫ਼੍ਰੀਸ਼ੀਟ ਦੇ ਇਸ਼ਤਿਹਹਰ ਵਿਚ ਹਰ ਘਰ ਦੇ ਰੈਫ਼ਰੈਂਸ ਨੰਬਰ ਵਿਚ ਤਿੰਨ ਹਿੰਦਸੇ ਹੁੰਦੇ ਹਨ। | ‘Locata HOME’ ਦੀ ਜਿਸ ਫ਼੍ਰੀਸ਼ੀਟ ਵਿਚੋਂ ਤੁਸੀਂ ਘਰਾਂ ਲਈ ਅਰਜ਼ੀ ਕਰ ਰਹੇ ਹੋ, ਉਹਦੇ ਮੂਹਰੇ ਦਿੱਤੀ ਤਾਰੀਖ਼ ਭਰੋ। |
| ਮਿਸਾਲ ਵਜੋਂ, ਜੇ ਤੁਸੀਂ ਅਜਿਹੇ ਘਰਾਂ ਲਈ ਅਰਜ਼ੀ ਦੇਣਾ ਚਾਹੁੰਦੇ ਹੋ ਜਿਹਨਾਂ ਦੇ ਤਿੰਨ ਹਿੰਦਸਿਆਂ ਵਾਲੇ ਨੰਬਰ 456, 491, ਅਤੇ 444 ਹਨ, ਤਾਂ ਤੁਸੀਂ ਕੂਪਨ ਇਸ ਤਰ੍ਹਾਂ ਭਰੋ ਜਿਵੇਂ ਸੱਜੇ ਪਾਸੇ ਨਮੂਨੇ ਵਾਲੀ ਕਾਪੀ ਵਿਚ ਭਰਿਆ ਗਿਆ ਹੈ। ਤੁਸੀਂ ਪਹਿਲੇ ਕਾਲਮ ਵਿਚ ਰੈਫ਼ਰੈਂਸ ਨੰਬਰ ਦੇ ਪਹਿਲੇ ਹਿੰਦਸੇ ਦੇ ਸਾਹਮਣੇ ਵਾਲੇ ਖ਼ਾਨੇ ਵਿਚ X ਲਿਖੋ। | ਭਰਿਆ ਹੋਇਆ ਕੂਪਨ ਡਾਕ ਰਾਹੀਂ Locata ਨੂੰ ਭੇਜ ਦਿਓ। ਇਹਦਾ ਪਤਾ ਕੂਪਨ 'ਤੇ ਪਹਿਲਾਂ ਹੀ ਛਪਿਆ ਹੋਇਆ ਹੈ, ਪਰ ਤੁਹਾਨੂੰ ਇਹਦੇ 'ਤੇ ਡਾਕ ਟਿਕਟ ਲਾਉਣਾ ਪਏਗਾ। |



## ਟੈਲੀਫ਼ੋਨ ’ਤੇ ਕੂਪਨ ਆਰਡਰ ਕਰਨਾ

| | | |
|---|---|---|
| 1 | ਕੂਪਨ ਆਰਡਰ ਕਰਨ ਲਈ ਇਸ ਨੰਬਰ ’ਤੇ ਫ਼ੋਨ ਕਰੋ: | **0906 294 2013** |
| | ਤੁਹਾਨੂੰ ਇਹ ਸੁਣਾਈ ਦੇਵੇਗਾ | “Welcome to the Locata Coupon line. Please select the Borough or RSL you are registered with from the following list.” (ਇਸ ਲਿਸਟ ਵਿਚੋਂ ਆਪਣੇ ਬੋਰੋ ਜਾਂ ਮਕਾਨ ਮਾਲਿਕ ਦੀ ਚੋਣ ਕਰੋ ਜਿਹਦੇ ਕੋਲ ਤੁਸੀਂ ਰਜਿਸਟਰ ਹੋਏ ਹੋ)। |
| 2 | 1 ਦਬਾਓ<br>2 ਦਬਾਓ<br>3 ਦਬਾਓ<br>4 ਦਬਾਓ<br>5 ਦਬਾਓ<br>6 ਦਬਾਓ<br><br>7 ਦਬਾਓ | For Brent (ਬ੍ਰੇਂਟ ਲਈ)<br>For Ealing (ਈਲਿੰਗ ਲਈ)<br>For Harrow (ਹੈਰੋ ਲਈ)<br>For Hillingdon (ਹਿਲਿੰਗਡਨ ਲਈ<br>For Hounslow (ਹੰਸਲੋ ਲਈ)<br>For Ealing Family Housing Association<br>(ਈਲਿੰਗ ਫ਼ੈਮਿਲੀ ਹਾਊਜ਼ਿੰਗ ਐਸੋਸੀਏਸ਼ਨ ਲਈ)<br>For PCHA (ਪੀ ਸੀ ਐਚ ਏ ਲਈ) |
| 3 | ਫਿਰ ਤੁਹਾਨੂੰ ਇਹ ਸੁਣਾਈ ਦੇਵੇਗਾ: | “Thank you. Please enter the number section of your LIN number.” (ਆਪਣੇ ਲਿਨ ਨੰਬਰ ਦੇ ਹਿੰਦਸਿਆਂ ਵਾਲੇ ਹਿੱਸੇ ਦੇ ਨੰਬਰ ਦਬਾਓ) |
| 4 | ਹੁਣ ਤੁਸੀਂ ਆਪਣਾ LIN ਨੰਬਰ ਦੱਬੋ। ਜਦ ਤੁਸੀਂ ਸਹੀ ਨੰਬਰ ਦੱਬ ਹਟੋਗੇ, ਤਾਂ ਤੁਹਾਨੂੰ ਇਹ ਸੁਣਾਈ ਦੇਵੇਗਾ: | “Thank you. Please enter the day number of your birth date” (ਆਪਣੀ ਜਨਮ ਤਾਰੀਖ਼ ਦਾ ਦਿਨ ਦਬਾਓ)<br><br>ਮਿਸਾਲ ਵਜੋਂ,<br>ਜਨਮ ਤਾਰੀਖ਼ 16/04/60 ਦਾ ਦਿਨ 16 ਹੈ<br>ਜਨਮ ਤਾਰੀਖ਼ 08/01/58 ਦਾ ਦਿਨ 08 (ਤੁਸੀਂ ਇਕੱਲੇ ਨੰਬਰ ਤੋਂ ਪਹਿਲਾਂ 0 ਜ਼ਰੂਰ ਲਾਓ), ਪਰ<br>ਜਨਮ ਤਾਰੀਖ਼ 23/06/31 ਦਾ ਦਿਨ 23 ਹੈ। |

## ਮੈਨੂੰ ਆਪਣੀ ਅਰਜ਼ੀ (ਬਿਡ) ਦਾ ਜਵਾਬ ਕਿਵੇਂ ਕਿਵੇਂ ਮਿਲੇਗਾ?

‘Locata HOME’ ਰਸਾਲੇ ਦੇ ਫ਼ੀਡਬੈਕ (ਜਵਾਬ ਦੇਣ ਵਾਲੇ) ਸੈਕਸ਼ਨ ਵਿਚ ਸਾਰੇ ਘਰਾਂ ਦੀ ਲਿਸਟ ਹੁੰਦੀ ਹੈ। ਅਸੀਂ ਤੁਹਾਨੂੰ ਹਰ ਘਰ ਲਈ ਅਰਜ਼ੀ ਦੇਣ ਵਾਲਿਆਂ ਦੀ ਗਿਣਤੀ ਦੱਸਾਂਗੇ ਅਤੇ ਜਿਹਦੀ ਅਰਜ਼ੀ ਮੰਨੀ ਗਈ ਹੈ ਉਹਦਾ ਬੈਂਡ ਅਤੇ ਰਜਿਸਟ੍ਰੇਸ਼ਨ ਨੰਬਰ ਦੱਸਾਂਗੇ। ਇਸ ਤਰ੍ਹਾਂ, ਤੁਸੀਂ ਸਫਲ ਹੋਣ ਵਾਲੇ ਲੋਕਾਂ ਦੇ ਮੁਕਾਬਲੇ ’ਤੇ ਆਪਣੇ ਘਰ ਦੀ ਰੇਟਿੰਗ ਨਾਪ ਸਕਦੇ ਹੋ। ਜੇ ਤੁਹਾਨੂੰ ਘਰ ਬਦਲਣ ਦੀ ਲੋੜ ਛੇਤੀ ਹੈ, ਤਾਂ ਇਸ ਤਰ੍ਹਾਂ ਤੁਸੀਂਆਪਣੀ ਮੰਗ ਦੇ ਇਲਾਕੇ ਨੂੰ ਜਾਂ ਘਰ ਦੀ ਕਿਸਮ ਨੂੰ ਬਦਲ ਸਕਦੇ ਹੋ।

## ਨਵਾਂ ਘਰ ਲੈਣ ਲਈ ਪੰਜ ਕਦਮ

**ਪਹਿਲਾ ਕਦਮ ਮੈਂਬਰਸ਼ਿਪ**

ਹੋ ਸਕਦਾ ਹੈ ਕਿ ਤੁਸੀਂ ਕੋਈ ਮੌਜੂਦਾ ਕਿਰਾਏਦਾਰ ਹੋਵੋ ਅਤੇ ਘਰ ਬਦਲ ਣਦੀ ਉਡੀਕ ਕਰ ਰਹੇ ਹੋਵੋ, ਜਾਂ ਇਸ ਵੇਲੇ ਬੇਘਰ ਹੋਵੋ, ਜਾਂ ਕਿਸੇ ਪ੍ਰਾਈਵੇਟ ਸੈਕਟਰ ਦੇ ਮਕਾਨ ਮਾਲਿਕ ਦੇ ਕਿਰਾਏ ਦੇ ਘਰ ਵਿਚ ਰਹਿੰਦੇ ਹੋਵੋ, ਅਪਣੀ ਮਲਕੀਅਤ ਵਾਲੇ ਘਰ ਵਿਚ ਰਹਿੰਦੇ ਹੋਵੋ, ਜਾਂ ਪਰਿਵਾਰ ਜਾਂ ਦੋਸਤਾਂ ਨਾਲ ਰਹਿੰਦੇ ਹੋਵੋ।

**ਦੂਸਰਾ ਕਦਮ ਰਜਿਸਟ੍ਰੇਸ਼ਨ**

ਤੁਹਾਡੀ ਲੋਕਲ ਕਾਉਂਸਿਲ ਜਾਂ ਲੋਕਲ ਹਾਊਜ਼ਿੰਗ ਐਸੋਸੀਏਸ਼ਨ ਤੁਹਾਡੀ ਰਜਿਸਟ੍ਰੇਸ਼ਨ ਅਤੇ ਕਿਸੇ ਬੈਂਡ ਵਿਚ ਰੱਖੇ ਜਾਣ ਬਾਰੇ ਲਿਖਤੀ ਜਾਣਕਾਰੀ ਤੁਹਾਨੂੰ ਭੇਜੇਗੀ।

**ਤੀਸਰਾ ਕਦਮ ਚੋਣ ਕਰਨਾ**

ਤੁਸੀਂ ਸਾਡਾ ਮੁਫ਼ਤ ਰਸਾਲਾ ‘Locata HOME’ ਕਈ ਥਾਂਵਾਂ ਤੋਂ ਲੈ ਸਕਦੇ ਹੋ। ਤੁਸੀਂ ਆਪਣੀ ਪਸੰਦ ਦੇ ਘਰ ਲਈ ਅਰਜ਼ੀ ਭੇਜਣ ਲਈ ਕੂਪਨ, ਟੈਲੀਫ਼ੋਨ, ਟੈਕਸਟ ਦੀ ਵਰਤੋਂ ਕਰ ਸਕਦੇ ਹੋ, ਜਾਂ ਸਾਡੀ ਵੈੱਬਸਾਈਟ ’ਤੇ ਜਾ ਸਕਦੇ ਹੋ।

**ਚੌਥਾ ਕਦਮ ਪੇਸ਼ਕਸ਼**

ਜੇ ਤੁਹਾਡੀ ਅਰਜ਼ੀ ਤੁਹਾਡੀ ਲੋਕਲ ਕਾਉਂਸਿਲ ਜਾਂ ਹਾਊਜ਼ਿੰਗ ਐਸੋਸੀਏਸ਼ਨ ਦੀ ਲਿਸਟ ’ਤੇ ਸਭ ਤੋਂ ਉੱਪਰ ਹੋਵੇ ਤਾਂ ਅਸੀਂ ਤੁਹਾਡੇ ਨਾਲ ਰਾਬਤਾ ਕਰਕੇ ਤੁਹਾਨੂੰ ਘਰ ਦਿਖਾਉਣ ਦਾ ਪ੍ਰਬੰਧ ਕਰਾਂਗੇ।

**ਪੰਜਵਾਂ ਕਦਮ ਜਵਾਬ ਮਿਲਣਾ**

‘Locata HOME’ ਵਿਚ ਛਾਪਿਆ ਜਾਏਗਾ ਕਿ ਪਿਛਲੇ ਅੰਕਾਂ ਵਾਲੇ ਘਰਾਂ ਲਈ ਕਿੰਨੇ ਲੋਕਾਂ ਨੇ ਅਰਜ਼ੀਆਂ ਦਿੱਤੀਆਂ।

## ਘਰ ਲੈਣ ਦੇ ਹੋਰ ਕਿਹੜੇ ਢੰਗ ਹਨ?

ਵੈਸਟ ਲੰਡਨ ਵਿਚ ਘਰਾਂ ਦੀ ਬਹੁਤ ਜ਼ਿਆਦਾ ਕਿੱਲਤ ਹੈ, ਇਸ ਲਈ ਇਸ ਸਕੀਮ ਰਾਹੀ ਸਭ ਲੋਕਾਂ ਦੀਆਂ ਰਿਹਾਇਸ਼ ਦਿਆਂ ਲੋੜਾਂ ਪੂਰੀਆਂ ਨਹੀਂ ਹੋ ਸਕਦੀਆਂ। ਜ਼ਿਆਦਾਤਰ ਮੈਂਬਰਾਂ ਨੂੰ ਨਵੇਂ ਘਰ ਲਈ ਉਡੀਕ ਕਰਨੀ ਪਏਗੀ, ਅਤੇ ਬੈਂਡ ਸੀ ਅਤੇ ਡੀ ਵਾਲੇ ਜ਼ਿਆਦਾਤਰ ਮੈਂਬਰਾਂ ਨੂੰ ਆਪਣੇ ਇਲਾਕੇ ਵਿਚ ਘਰ ਮਿਲਣ ਦੀ ਸੰਭਾਵਨਾ ਬਹੁਤ ਘੱਟ ਹੈ। ਲੋਕਾਂ ਨੂੰ ਚੋਣ ਕਰਨ ਦੇ ਵੱਧ ਮੌਕੇ ਦੇਣ ਲਈ, ਅਸੀਂ ਲੰਡਨ ਤੋਂ ਬਾਹਰ ਮਿਡਲੈਂਡਜ਼ ਵਰਗੇ ਇਲਾਕਿਆਂ ਦੇ ਘਰਾਂ ਦੇ ਇਸ਼ਤਿਹਾਰ ਵੀ ਦਿਆਂਗੇ ਜਿਹਨਾਂ ਇਲਾਕਿਆਂ ਵਿਚ ਘਰਾਂ ਦੀ ਮੰਗ ਘੱਟ ਹੈ, ਅਤੇ ਵੈਸਟ ਲੰਡਨ ਵਿਚਲੇ ਸਾਂਝੀ ਮਲਕੀਅਤ ਵਾਰੇ ਘਰਾਂ ਦੇ ਇਸ਼ਤਿਹਾਰ ਵੀ ਦਿਆਂਗੇ। ‘Locata HOME’ ਰਸਾਲੇ ਵਿਚ ਪ੍ਰਾਈਵੇਟ ਘਰਾਂ ਦੇ ਇਸ਼ਤਿਹਾਰ ਵੀ ਹੋਣਗੇ।

| ਮਕਾਨ ਮਾਲਿਕਾਂ ਨਾਲ ਰਾਬਤਾ ਕਰਨ ਲਈ ਜਾਣਕਾਰੀ | | ਟੈਲੀਫ਼ੋਨ ਨੰਬਰ | |
|---|---|---|---|
| London Borough of Brent<br>Mahatma Ghandi House<br>34 Wembley Hill Road<br>Wembley, Middlesex<br>HA9 8AD | | 020 8937 2000 | |
| London Borough of Ealing<br>Housing Resource Centre<br>Town Hall Annexe<br>New Broadway<br>London<br>W5 2BY | | 020 8825 7274 | |
| London Borough of Harrow | ਪਰਿਵਾਰਕ ਨਾਂ | | |
| Youngmans 2 Building | A ਤੋਂ Cg | 020 8424 1116 | |
| PO Box 65 | Ch ਤੋਂ G | 020 8863 5611 | ਐਕਸਟੈਂਸ਼ਨ 3870 |
| Civic Centre | H ਤੋਂ Lg | 020 8424 1706 | |
| Station Road | Lh ਤੋਂ O | 020 8424 1115 | |
| Harrow, Middlesex | P ਤੋਂ Sg | 020 8863 5611 | ਐਕਸਟੈਂਸ਼ਨ 3738 |
| HA1 2XG | Sh ਤੋਂ Z | 020 8863 5611 | ਐਕਸਟੈਂਸ਼ਨ 3663 |
| ਈਮੇਲ: locatahelp@harrow.gov.uk | | | |
| London Borough of Hillingdon<br>Housing Services<br>Civic Centre<br>High Street<br>Uxbridge, Middlesex<br>UB8 1UW<br>ਈਮੇਲ: nmailbox@hillingdon.gov.uk | | 01895 250 328<br>01895 277 779<br>01895 250 147<br>01895 250 389 | |
| London Borough of Hounslow<br>The Civic Centre<br>Lampton Road<br>Hounslow<br>TW3 4DN | | 020 8583 3815<br>020 8583 4405 | |
| Ealing Family Housing Association<br>St James House<br>105-113 Broadway<br>West Ealing<br>London<br>W13 9BE<br>ਈਮੇਲ: csc.queries@chq.org.uk | | 020 8621 9898 | |
| Paradigm Housing Group<br>1 White Hill<br>Chesham<br>Bucks<br>HP5 1AB | | 0845 845 5517 | |
| PCHA Housing Association<br>324 Harrow Road<br>London<br>W9 2HP | | 020 8537 4537 | |